ਗੁਰੂ ਨਾਨਕ - ਸਬਦ ੩੫
ਆਖਣਿ ਜੋਰੁ ਚੁਪੈ ਨਹ ਜੋਰੁ ॥
ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੭

ਆਖਣਿ ਜੋਰੁ ਚੁਪੈ ਨਹ ਜੋਰੁ ॥
ਜੋਰੁ ਨ ਮੰਗਣਿ ਦੇਣਿ ਨ ਜੋਰੁ ॥
ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥
ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥
ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥
ਜੋਰੁ ਨ ਜੁਗਤੀ ਛੁਟੈ ਸੰਸਾਰੁ ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥
ਨਾਨਕ ਉਤਮੁ ਨੀਚੁ ਨ ਕੋਇ ॥੩੩॥

ਸਾਰ: ਬਿਬੇਕ ਦੀ ਸੱਚੀ ਸ਼ਕਤੀ ਇਹ ਜਾਣਨ ਵਿੱਚ ਹੈ ਕਿ ਤੁਸੀਂ ਕੁਝ ਨਹੀਂ ਜਾਣਦੇ। ਇਸ ਵਿੱਚ ਮਨ ਦੀ ਅਜਿਹੀ ਘਾੜਤ ਘੜਨੀ ਕਿ ਉਹ ਖਾਸ ਰੂਪਾਂ ਜਾਂ ਵਿਚਾਰਾਂ ਦੀ ਮਹੱਤਤਾ ਨੂੰ ਨਕਾਰ ਉਨ੍ਹਾਂ ਤੋਂ ਬੇਲਾਗ ਰਹੇ। ਇਹ ਇੱਕ ਅਭਿਆਸ ਹੈ ਜੋ ਬਾਹਰੀ ਪ੍ਰੇਰਣਾਂ ਨਾਲ ਬਣੀਆਂ ਭਰਮ ਪੈਦਾ ਕਰਨ ਵਾਲੀਆਂ ਧਾਰਨਾਵਾਂ ਅਤੇ ਸਾਡੇ ਮੂਲ ਸਰਬਵਿਆਪੀ ਚੇਤਨਾ ਦੀ ਪਰਮ ਸੱਚਾਈ ਦੇ ਵਿਚਕਾਰ ਦੇ ਅੰਤਰ ਨੂੰ ਪਹਿਚਾਣਦਾ ਹੈ।

ਆਖਣਿ ਜੋਰੁ ਚੁਪੈ ਨਹ ਜੋਰੁ ॥
ਉਪਦੇਸ਼ ਦੇਣ ਵਿੱਚ ਕੋਈ ਸਤਾ ਨਹੀਂ ਹੈ ਅਤੇ ਨਾ ਹੀ ਚੁੱਪ ਰਹਿਣ ਵਿੱਚ।

ਜੋਰੁ ਨ ਮੰਗਣਿ ਦੇਣਿ ਨ ਜੋਰੁ ॥
ਦਾਨ ਲੈਣ ਵਿੱਚ ਕੋਈ ਸਤਾ ਨਹੀਂ ਹੈ ਅਤੇ ਨਾ ਹੀ ਦਾਨ ਦੇਣ ਵਿੱਚ।

ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥
ਗ੍ਰਹਿਸਥੀ ਹੋਣ ਵਿੱਚ ਕੋਈ ਸ਼ਕਤੀ ਨਹੀਂ ਹੈ ਅਤੇ ਨਾ ਹੀ ਸੰਨਿਆਸੀ ਹੋਣ ਵਿੱਚ।

ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥

ਸ਼ਾਸਕ ਹੋਣ, ਦੌਲਤ ਦੇ ਮਾਲਕ ਹੋਣ, ਅਤੇ ਤਾਂਤਰਿਕ ਸ਼ਕਤੀਆਂ ਪ੍ਰਾਪਤ ਕਰਨ ਵਿੱਚ ਵੀ ਕੋਈ ਜ਼ੋਰ ਨਹੀਂ ਹੈ।

ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥

ਗਿਆਨ ਇਕੱਤਰ ਕਰਨ ਵਿੱਚ ਕੋਈ ਤਾਨ ਨਹੀਂ ਅਤੇ ਨਾ ਹੀ ਰੂਹਾਨੀ ਗ੍ਰੰਥਾਂ 'ਤੇ ਸੰਵਾਦ ਕਰਨ ਵਿੱਚ।

ਜੋਰੁ ਨ ਜੁਗਤੀ ਛੁਟੈ ਸੰਸਾਰੁ ॥

ਮੁਕਤੀ ਪ੍ਰਾਪਤ ਕਰਨ ਦੇ ਤਰੀਕੇ ਜਾਣਨ ਵਿੱਚ ਕੋਈ ਸਤਾ ਨਹੀਂ ਹੈ।

ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥

ਉਸੇ ਦੇ ਹੱਥ ਵਿੱਚ ਤਾਕਤ ਹੈ ਜੋ ਆਤਮ ਪੜਚੋਲ ਦਾ ਅਭਿਆਸ ਕਰਦਾ ਹੈ।

ਨਾਨਕ ਉਤਮੁ ਨੀਚੁ ਨ ਕੋਇ ॥੩੩॥

ਨਾਨਕ ਕਹਿੰਦੇ ਹਨ ਹੈ ਜੋ ਕਿਸੇ ਨੂੰ ਉੱਚੇ ਜਾਂ ਨੀਂਵੇ ਦੇ ਤੌਰ ਤੇ ਨਹੀਂ ਪਰਖਦਾ ਉਹੀ ਸਤਾਧਾਰੀ ਹੈ। (੩੩)

ਤੱਤ: ਗੁਰੂ ਨਾਨਕ ਵਿਅਕਤ ਕਰਦੇ ਹਨ ਕਿ ਚਿੰਤਨ ਅਤੇ ਸਵੈ-ਵਾਸਤਵਿਕਤਾ ਸਭ ਤੋਂ ਸ਼ਕਤੀਸ਼ਾਲੀ ਗੁਣ ਹਨ, ਜੋ ਉੱਤਮਤਾ ਅਤੇ ਨੀਚਤਾ ਦੇ ਦਵੈਤ ਤੋਂ ਪਰੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **[OnenessInDiversity.com]**

ਈਮੇਲ: **onenessindiversityfoundation@gmail.com**